DHCS
CALIFORNIA DEPARTMENT OF HEALTH CARE SERVICES
Michelle Baass | Director

Medi-Cal

1 ਅਕਤੂਬਰ, 2026

ਪਿਆਰੇ Medi-Cal ਮੈਂਬਰ,

ਤੁਸੀਂ ਸੁਣਿਆ ਹੋਵੇਗਾ ਕਿ ਇੱਕ ਨਵੇਂ ਫ਼ੈਡਰਲ ਕਾਨੂੰਨ ਦੇ ਕਾਰਨ Medi-Cal ਦੇ ਨਿਯਮ ਬਦਲ ਰਹੇ ਹਨ। ਫ਼ੈਡਰਲ ਸਰਕਾਰ ਕੁਝ ਖ਼ਾਸ ਇਮੀਗ੍ਰੇਸ਼ਨ ਸਟੇਟਸ ਵਾਲੇ ਲੋਕਾਂ ਲਈ ਆਪਣੇ ਵੱਲੋਂ ਦਿੱਤੀ ਜਾਣ ਵਾਲੀ ਕਵਰੇਜ ਸੀਮਤ ਕਰ ਰਹੀ ਹੈ। ਪਰ ਤੁਹਾਡਾ ਪੂਰੀ ਕਵਰੇਜ ਵਾਲਾ Medi-Cal ਬਣਿਆ ਰਹੇਗਾ।

**ਖ਼ੁਸ਼ਖ਼ਬਰੀ!** ਕਿਉਂਕਿ ਤੁਸੀਂ California ਵਿੱਚ ਰਹਿੰਦੇ ਹੋ, ਇਸ ਲਈ ਤੁਹਾਡਾ ਪੂਰੀ ਕਵਰੇਜ ਵਾਲਾ Medi-Cal ਬਣਿਆ ਰਹੇਗਾ। ਤੁਹਾਡੀ ਕਵਰੇਜ ਬੰਦ ਨਹੀਂ ਹੋਵੇਗੀ।

Medi-Cal ਹੁਣ ਵੀ ਹੇਠਾਂ ਦਿੱਤੀਆਂ ਸੇਵਾਵਾਂ ਅਤੇ ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਵਰ ਕਰਦਾ ਹੈ:

- ਡਾਕਟਰ ਕੋਲ ਜਾਣਾ ਅਤੇ ਨਿਯਮਿਤ ਜਾਂਚ
- ਐਮਰਜੈਂਸੀ ਅਤੇ ਜ਼ਰੂਰੀ ਦੇਖਭਾਲ
- ਗਰਭ-ਅਵਸਥਾ ਦੀ ਦੇਖਭਾਲ ਅਤੇ ਗਰਭ-ਨਿਰੋਧ
- ਦਵਾਈਆਂ, ਮੈਡੀਕਲ ਸਮੱਗਰੀ ਅਤੇ ਮੈਡੀਕਲ ਟੈਸਟ
- ਮਾਹਰ ਡਾਕਟਰਾਂ ਤੋਂ ਇਲਾਜ
- ਦੰਦਾਂ ਦਾ ਇਲਾਜ, ਅੱਖਾਂ ਦੀ ਦੇਖਭਾਲ, ਐਨਕਾਂ ਅਤੇ ਸੁਣਨ ਵਾਲੀਆਂ ਮਸ਼ੀਨਾਂ
- ਮਾਨਸਿਕ ਸਿਹਤ ਦਾ ਇਲਾਜ
- ਪੈਰਾਂ ਦੀ ਦੇਖਭਾਲ
- ਸ਼ਰਾਬ ਅਤੇ ਨਸ਼ੇ ਛੁਡਾਉਣ ਦਾ ਇਲਾਜ
- ਡਾਕਟਰ ਕੋਲ ਜਾਣ ਅਤੇ ਦਵਾਈ ਲੈਣ ਲਈ ਆਉਣ-ਜਾਣ ਦੀ ਸੁਵਿਧਾ
- ਘਰ ਵਿੱਚ ਮਿਲਣ ਵਾਲੀ ਮਦਦ, ਤਾਂ ਜੋ ਤੁਸੀਂ ਸੁਰੱਖਿਅਤ ਢੰਗ ਨਾਲ ਆਪਣੇ ਘਰ ਵਿੱਚ ਰਹਿ ਸਕੋ

## Medi-Cal ਦੀਆਂ ਸੇਵਾਵਾਂ ਲੈਣ ਦਾ ਤਰੀਕਾ ਬਦਲ ਰਿਹਾ ਹੈ

ਫ਼ੈਡਰਲ ਨਿਯਮਾਂ ਕਾਰਨ, 1 ਜਨਵਰੀ, 2027 ਤੋਂ ਤੁਸੀਂ ਕਿਸੇ Medi-Cal ਹੈਲਥ ਪਲਾਨ ਦੇ ਮੈਂਬਰ ਨਹੀਂ ਰਹੋਗੇ। ਇਸ ਦੀ ਥਾਂ ਤੁਸੀਂ "ਰੈਗੂਲਰ" Medi-Cal ਦੇ ਮੈਂਬਰ ਹੋਵੋਗੇ, ਜਿਸ ਨੂੰ Fee-for-Service (FFS) Medi-Cal ਵੀ ਕਿਹਾ ਜਾਂਦਾ ਹੈ। "ਰੈਗੂਲਰ" Medi-Cal ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਪੈਸੇ ਦੇਣੇ ਪੈਣਗੇ। ਤੁਹਾਡੇ ਇਲਾਜ

ਦਾ ਖ਼ਰਚਾ Medi-Cal ਹੀ ਦੇਵੇਗਾ।

“ਰੈਗੂਲਰ” Medi-Cal ਵਿੱਚ:

- ਤੁਸੀਂ ਕਿਸੇ ਹੈਲਥ ਪਲਾਨ ਵਿੱਚ ਨਹੀਂ ਹੋਵੋਗੇ।
- ਤੁਸੀਂ ਹੁਣ ਵੀ ਕਿਸੇ ਵੀ ਅਜਿਹੇ ਡਾਕਟਰ, ਕਲੀਨਿਕ, ਹਸਪਤਾਲ ਜਾਂ ਸੇਵਾ-ਪ੍ਰਦਾਤਾ ਕੋਲ ਜਾ ਸਕਦੇ ਹੋ ਜੋ “ਰੈਗੂਲਰ” Medi-Cal ਸਵੀਕਾਰ ਕਰਦਾ ਹੈ।
- ਹੈਲਥ ਪਲਾਨ ਦੇ ਕਾਰਡ ਦੀ ਥਾਂ ਤੁਸੀਂ ਆਪਣਾ Medi-Cal Benefits Identification Card (BIC) ਵਰਤੋਗੇ, ਜਿਸ ਨੂੰ Medi-Cal ਕਾਰਡ ਵੀ ਕਿਹਾ ਜਾਂਦਾ ਹੈ।
- ਕੁਝ ਸੇਵਾਵਾਂ, ਜੋ ਸਿਰਫ਼ Medi-Cal ਹੈਲਥ ਪਲਾਨਾਂ ਵਿੱਚ ਹੀ ਮਿਲਦੀਆਂ ਹਨ, ਬੰਦ ਹੋ ਜਾਣਗੀਆਂ, ਪਰ ਹੋਰ ਬਹੁਤ ਸਾਰੀਆਂ ਸੇਵਾਵਾਂ ਪਹਿਲਾਂ ਵਾਂਗ ਹੀ ਰਹਿਣਗੀਆਂ।

ਦਸੰਬਰ ਵਿੱਚ ਅਸੀਂ ਤੁਹਾਨੂੰ ਇੱਕ ਹੋਰ ਚਿੱਠੀ ਭੇਜਾਂਗੇ, ਜਿਸ ਵਿੱਚ “ਰੈਗੂਲਰ” Medi-Cal ਵਿੱਚ ਹੋ ਰਹੀ ਇਸ ਤਬਦੀਲੀ, ਇਲਾਜ ਕਿਵੇਂ ਲੈਣਾ ਹੈ, ਅਤੇ ਹੋਰ ਗੱਲਾਂ ਬਾਰੇ ਵਧੇਰੇ ਜਾਣਕਾਰੀ ਹੋਵੇਗੀ।

## ਤੁਹਾਨੂੰ ਕੀ ਕਰਨਾ ਚਾਹੀਦਾ ਹੈ

- **ਤੁਹਾਡੀ ਕਵਰੇਜ ਬਣਾਈ ਰੱਖਣ ਵਿੱਚ ਮਦਦ ਕਰਨ ਲਈ Medi-Cal ਨੂੰ ਸਹੀ ਜਾਣਕਾਰੀ ਦੀ ਲੋੜ ਹੈ।**
  ਕਿਰਪਾ ਕਰਕੇ ਇਹ ਪੱਕਾ ਕਰੋ ਕਿ ਸਾਡੇ ਕੋਲ ਤੁਹਾਡਾ **ਮੌਜੂਦਾ ਇਮੀਗ੍ਰੇਸ਼ਨ ਸਟੇਟਸ** ਦਰਜ ਹੈ। ਤੁਹਾਡਾ ਸਥਾਨਕ ਕਾਉਂਟੀ Medi-Cal ਦਫ਼ਤਰ ਇਸ ਜਾਣਕਾਰੀ ਦੀ ਵਰਤੋਂ ਕਰਕੇ ਤੁਹਾਨੂੰ ਉਹ ਸਾਰੇ ਲਾਭ ਦਿਵਾਉਣ ਵਿੱਚ ਮਦਦ ਕਰਦਾ ਹੈ ਜਿਨ੍ਹਾਂ ਲਈ ਤੁਸੀਂ ਯੋਗ ਹੋ ਸਕਦੇ ਹੋ। ਕਾਉਂਟੀ ਅੱਪਡੇਟ ਕੀਤੀ ਜਾਣਕਾਰੀ ਮੰਗਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੀ ਹੈ।

  ਜੇ ਤੁਹਾਡਾ ਇਮੀਗ੍ਰੇਸ਼ਨ ਸਟੇਟਸ ਬਦਲ ਗਿਆ ਹੈ, ਜਾਂ ਜੇਕਰ ਤੁਹਾਨੂੰ ਲੱਗਦਾ ਹੈ ਕਿ ਕਾਉਂਟੀ ਕੋਲ ਤੁਹਾਡੀ ਸਭ ਤੋਂ ਤਾਜ਼ਾ ਜਾਣਕਾਰੀ ਨਹੀਂ ਹੈ, ਤਾਂ ਕਿਰਪਾ ਕਰਕੇ ਜਿੰਨੀ ਛੇਤੀ ਹੋ ਸਕੇ ਆਪਣੀ ਜਾਣਕਾਰੀ ਅੱਪਡੇਟ ਕਰਵਾਓ। ਤੁਹਾਨੂੰ 1 ਦਸੰਬਰ, 2026 ਤੱਕ ਆਪਣੀ ਅੱਪਡੇਟ ਕੀਤੀ ਇਮੀਗ੍ਰੇਸ਼ਨ ਜਾਣਕਾਰੀ ਦੇਣੀ ਜ਼ਰੂਰੀ ਹੈ।

### ਆਪਣੀ ਜਾਣਕਾਰੀ ਕਿਵੇਂ ਅੱਪਡੇਟ ਕਰਨੀ ਹੈ:

  - https://benefitscal.com ’ਤੇ ਜਾਓ।
  - ਆਪਣੇ ਸਥਾਨਕ ਕਾਉਂਟੀ Medi-Cal ਦਫ਼ਤਰ ਨੂੰ ਫ਼ੋਨ ਕਰੋ ਜਾਂ ਉੱਥੇ ਜਾਓ।
  - ਆਪਣਾ ਕਾਉਂਟੀ ਦਫ਼ਤਰ ਇੱਥੇ ਲੱਭੋ: https://dhcs.ca.gov/COL।
  - ਆਪਣਾ ਕਾਉਂਟੀ ਦਫ਼ਤਰ ਲੱਭਣ ਵਿੱਚ ਮਦਦ ਲਈ ਤੁਸੀਂ Medi-Cal Helpline ਨੂੰ 1-800-541-5555 ’ਤੇ ਵੀ ਫ਼ੋਨ ਕਰ ਸਕਦੇ ਹੋ।



**California Department of Health Care Services**
Director’s Office
1500 Capitol Avenue | Sacramento, CA | 95899-7413
dhcs.ca.gov

**State of California**
Gavin Newsom, Governor

California Health and Human Services Agency

- ਆਪਣੇ ਮੌਜੂਦਾ ਡਾਕਟਰ ਜਾਂ ਕਲੀਨਿਕ ਤੋਂ ਪੁੱਛੋ ਕਿ ਉਹ "ਰੈਗੂਲਰ" Medi-Cal ਸਵੀਕਾਰ ਕਰਦੇ ਹਨ ਜਾਂ ਨਹੀਂ।
  - ਜੇ ਉਹ ਹਾਂ ਕਹਿੰਦੇ ਹਨ, ਤਾਂ ਤੁਸੀਂ ਉੱਥੇ ਜਾਣਾ ਜਾਰੀ ਰੱਖ ਸਕਦੇ ਹੋ।
  - ਜੇ ਉਹ ਨਾਂਹ ਕਹਿੰਦੇ ਹਨ, ਤਾਂ ਤੁਹਾਨੂੰ ਕੋਈ ਨਵਾਂ ਡਾਕਟਰ ਚੁਣਨਾ ਪਵੇਗਾ ਜੋ "ਰੈਗੂਲਰ" Medi-Cal ਸਵੀਕਾਰ ਕਰਦਾ ਹੋਵੇ।
- ਤੁਸੀਂ "ਰੈਗੂਲਰ" Medi-Cal ਵਾਲਾ ਡਾਕਟਰ ਇਸ ਤਰ੍ਹਾਂ ਚੁਣ ਸਕਦੇ ਹੋ:
  - Medi-Cal Helpline ਨੂੰ 1-800-541-5555 'ਤੇ ਫ਼ੋਨ ਕਰਕੇ।
  - Medi-Cal FFS Provider ਲੁੱਕਅੱਪ ਟੂਲ ਦੀ ਵਰਤੋਂ ਕਰਕੇ: https://bit.ly/Medi-CalProviderLookup
  - Medi-Cal FFS ਸੇਵਾ-ਪ੍ਰਦਾਤਿਆਂ ਦੀ ਆਨਲਾਈਨ ਸੂਚੀ ਵੇਖ ਕੇ: https://bit.ly/Medi-CalProviderList
- 1 ਜਨਵਰੀ, 2027 ਤੋਂ ਇਲਾਜ ਲੈਣ ਲਈ ਆਪਣਾ Medi-Cal Benefits Identification Card (BIC) ਵਰਤੋ, ਜਿਸ ਨੂੰ Medi-Cal ਕਾਰਡ ਵੀ ਕਿਹਾ ਜਾਂਦਾ ਹੈ।
  - ਜੇ ਤੁਹਾਡਾ BIC ਗੁਆਚ ਜਾਵੇ, ਚੋਰੀ ਹੋ ਜਾਵੇ ਜਾਂ ਖ਼ਰਾਬ ਹੋ ਜਾਵੇ, ਤਾਂ ਨਵਾਂ ਕਾਰਡ ਲੈਣ ਲਈ ਆਪਣੇ ਕਾਉਂਟੀ ਦਫ਼ਤਰ ਨੂੰ ਪੁੱਛੋ ਜਾਂ https://benefitscal.com 'ਤੇ ਜਾਓ।
- Medi-Cal ਤੋਂ ਪ੍ਰਾਪਤ ਹੋਣ ਵਾਲੀ ਕਿਸੇ ਵੀ ਡਾਕ ਨੂੰ ਖੋਲ੍ਹੋ, ਭਰੋ ਅਤੇ ਵਾਪਸ ਭੇਜੋ। ਇਸ ਨਾਲ ਤੁਹਾਨੂੰ ਆਪਣਾ Medi-Cal ਨਵਿਆਉਣ ਅਤੇ ਬਣਾਈ ਰੱਖਣ ਵਿੱਚ ਮਦਦ ਮਿਲਦੀ ਹੈ। ਜੇ ਕਿਸੇ ਨੋਟਿਸ ਵਿੱਚ ਤੁਹਾਨੂੰ ਜਾਣਕਾਰੀ ਦੇਣ ਜਾਂ ਨਵੀਨੀਕਰਨ ਪੂਰਾ ਕਰਨ ਲਈ ਕਿਹਾ ਜਾਂਦਾ ਹੈ, ਤਾਂ ਦਿੱਤੀ ਗਈ ਸਮਾਂ-ਸੀਮਾ ਤੱਕ ਜਵਾਬ ਦਿਓ। ਜੇ ਤੁਹਾਨੂੰ ਇਹ ਸਮਝ ਨਾ ਆਵੇ ਕਿ ਕੀ ਮੰਗਿਆ ਜਾ ਰਿਹਾ ਹੈ, ਤਾਂ ਸਮਾਂ-ਸੀਮਾ ਤੋਂ ਪਹਿਲਾਂ ਮਦਦ ਲਈ ਆਪਣੇ ਸਥਾਨਕ ਕਾਉਂਟੀ Medi-Cal ਦਫ਼ਤਰ ਨਾਲ ਸੰਪਰਕ ਕਰੋ।

## ਸਵਾਲ?

- Medi-Cal ਕੀ-ਕੀ ਕਵਰ ਕਰਦਾ ਹੈ, ਇਹ ਜਾਣਨ ਲਈ DHCS Medi-Cal Helpline ਨੂੰ ਫ਼ੋਨ ਕਰੋ: 1-800-541-5555।
- ਆਪਣੇ ਕੇਸ ਬਾਰੇ ਸਵਾਲਾਂ ਲਈ ਆਪਣੇ ਕਾਉਂਟੀ Medi-Cal ਦਫ਼ਤਰ ਨੂੰ ਫ਼ੋਨ ਕਰੋ ਜਾਂ ਉੱਥੇ ਜਾਓ: https://dhcs.ca.gov/COL।
- ਵਧੇਰੇ ਜਾਣਨ ਲਈ ਆਨਲਾਈਨ ਵੇਖੋ: www.dhcs.ca.gov/Medi-Cal/Pages/changes.aspx।
- ਇਸ ਨੀਤੀ ਬਾਰੇ ਸਵਾਲ ਇਸ ਪਤੇ 'ਤੇ ਈਮੇਲ ਕਰੋ: ImmigrationPolicy@dhcs.ca.gov।



**California Department of Health Care Services**
Director's Office
1500 Capitol Avenue | Sacramento, CA | 95899-7413
dhcs.ca.gov

**State of California**
Gavin Newsom, Governor

California Health and Human Services Agency

- California Department of Social Services Immigration Services Bureau ਕੋਲ ਉਨ੍ਹਾਂ ਭਰੋਸੇਯੋਗ ਗ਼ੈਰ-ਮੁਨਾਫ਼ਾ ਸੰਸਥਾਵਾਂ ਦੀ ਸੂਚੀ ਹੈ ਜੋ California ਵਿੱਚ ਪਰਵਾਸੀਆਂ ਦੀ ਮਦਦ ਕਰਦੀਆਂ ਹਨ: https://www.cdss.ca.gov/inforesources/immigration/contractor-contact-information।

**ਤੁਸੀਂ ਹੋਰ ਭਾਸ਼ਾਵਾਂ ਅਤੇ ਫਾਰਮੈਟਾਂ ਵਿੱਚ ਮੁਫ਼ਤ ਮਦਦ ਲੈ ਸਕਦੇ ਹੋ**, ਜਿਵੇਂ ਕਿ ਵੱਡੇ ਪ੍ਰਿੰਟ, ਆਡੀਓ ਅਤੇ ਬਰੇਲ। ਇਸ ਚਿੱਠੀ ਦੇ ਨਾਲ ਆਏ Language Services ਫਲਾਇਰ 'ਤੇ ਦਿੱਤੇ ਫ਼ੋਨ ਨੰਬਰਾਂ 'ਤੇ ਫ਼ੋਨ ਕਰੋ।

ਧੰਨਵਾਦ,

Department of Health Care Services



**California Department of Health Care Services**
Director's Office
1500 Capitol Avenue | Sacramento, CA | 95899-7413
dhcs.ca.gov

**State of California**
Gavin Newsom, Governor

California Health and Human Services Agency